**ਟਿੱਪਣੀ ਕਰਨ ਲਈ ਬਣਾਇਆ ਡਰਾਫਟ**

ਸਾਊਥ ਆਸਟ੍ਰੇਲੀਆ

# ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) (ਮਨ੍ਹਾਹੀਸੁਦਾ ਪਲਾਸਟਿਕ ਉਤਪਾਦ) ਸੋਧ ਕਾਨੂੰਨ 2024

*ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) ਕਾਨੂੰਨ 2020* ਦੇ ਤਹਿਤ

---

## ਤਤਕਰਾ


ਭਾਗ 1—ਸ਼ੁਰੂਆਤੀ

1 ਛੋਟਾ ਸਿਰਲੇਖ

2 ਸ਼ੁਰੂਆਤ

ਭਾਗ 2—*ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) ਕਾਨੂੰਨ 2021* ਦੀ 1 ਸਤੰਬਰ 2024 ਤੋਂ ਸ਼ੁਰੂ ਹੋ ਰਹੀ ਸੋਧ

3 ਨਿਯਮ 3 ਦੀ ਸੋਧ - ਵਿਆਖਿਆ

4 ਨਿਯਮ 3A—ਮਨ੍ਹਾਹੀਸੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਕਾਨੂੰਨ ਦੀ ਧਾਰਾ 6(1)(h)) ਦੀ ਸੋਧ —ਸ਼ਾਮਿਲ ਕੀਤੀਆਂ ਗੱਲਾਂ

ਭਾਗ 3—*ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) ਕਾਨੂੰਨ 2021* ਦੀ 1 ਸਤੰਬਰ 2025 ਤੋਂ ਸ਼ੁਰੂ ਹੋ ਰਹੀ ਸੋਧ

5 ਨਿਯਮ 3 ਦੀ ਸੋਧ - ਵਿਆਖਿਆ

6 ਨਿਯਮ 3A—ਮਨ੍ਹਾਹੀਸੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਕਾਨੂੰਨ ਦੀ ਧਾਰਾ 6(1)(h)) ਦੀ ਸੋਧ —ਸ਼ਾਮਿਲ ਕੀਤੀਆਂ ਗੱਲਾਂ

7 ਨਿਯਮ 4 ਨੂੰ ਰੱਦ ਕਰਨਾ


---

## ਭਾਗ 1—ਸ਼ੁਰੂਆਤੀ

### 1—ਛੋਟਾ ਸਿਰਲੇਖ

ਇਹਨਾਂ ਨਿਯਮਾਂ ਨੂੰ *ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) (ਮਨ੍ਹਾਹੀਸੁਦਾ ਪਲਾਸਟਿਕ ਉਤਪਾਦ) ਸੋਧ ਨਿਯਮ 2024* ਦੇ ਨਾਮ ਨਾਲ ਦਰਸਾਇਆ ਜਾ ਸਕਦਾ ਹੈ।

### 2—ਸ਼ੁਰੂਆਤ

(1) ਉਪ-ਨਿਯਮਾਂ (2) ਦੇ ਅਧੀਨ, ਇਹ ਨਿਯਮ 1 ਸਤੰਬਰ 2024 ਨੂੰ ਲਾਗੂ ਹੋਣਗੇ।

(2) ਭਾਗ 3, 1 ਸਤੰਬਰ 2025 ਤੋਂ ਲਾਗੂ ਹੋਵੇਗਾ।

# ਭਾਗ 2—*ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) ਕਾਨੂੰਨ 2021* ਦੀ ਸੋਧ 1 ਸਤੰਬਰ 2024 ਤੋਂ ਸ਼ੁਰੂ ਹੋ ਰਹੀ ਹੈ।

## 3—ਨਿਯਮ 3 ਦੀ ਸੋਧ - ਵਿਆਖਿਆ

(1) ਨਿਯਮ 3—ਕਾਨੂੰਨ ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***AS 4736-2006*** ਦਾ ਅਰਥ ਆਸਟ੍ਰੇਲੀਅਨ ਸਟੈਂਡਰਡ AS 4736-2006 (*ਬਾਇਓਡੀਗ੍ਰੇਡੇਬਲ ਪਲਾਸਟਿਕ—ਕੰਪੋਸਟਿੰਗ ਅਤੇ ਹੋਰ ਮਾਈਕ੍ਰੋਬਾਇਲ ਇਲਾਜ ਲਈ ਯੋਗ ਬਾਇਓਡੀਗ੍ਰੇਡੇਬਲ ਪਲਾਸਟਿਕ*) ਹੈ ਜਿਵੇਂ ਕਿ ਸਮੇਂ-ਸਮੇਂ 'ਤੇ ਲਾਗੂ ਹੁੰਦਾ ਹੈ;

***AS 5810-2010*** ਦਾ ਅਰਥ ਆਸਟ੍ਰੇਲੀਅਨ ਸਟੈਂਡਰਡ AS 5810-2010 (*ਬਾਇਓਡੀਗ੍ਰੇਡੇਬਲ ਪਲਾਸਟਿਕ—ਘਰੇਲੂ ਖਾਦ ਬਣਾਉਣ ਲਈ ਯੋਗ ਬਾਇਓਡੀਗ੍ਰੇਡੇਬਲ ਪਲਾਸਟਿਕ*) ਹੈ ਜਿਵੇਂ ਕਿ ਸਮੇਂ-ਸਮੇਂ 'ਤੇ ਲਾਗੂ ਹੁੰਦਾ ਹੈ;

***ਅਧਿਕਾਰਤ ਪ੍ਰਮਾਣੀਕਰਤਾ***ਦਾ ਮਤਲਬ ਹੈ ਇੱਕ ਅਜਿਹਾ ਵਿਅਕਤੀ ਹੈ, ਜੋ ਮੰਤਰੀ ਦੁਆਰਾ, ਗਜ਼ਟ ਵਿੱਚ ਨੋਟਿਸ ਦੁਆਰਾ, ਇਹਨਾਂ ਨਿਯਮਾਂ ਦੇ ਉਦੇਸ਼ਾਂ ਲਈ ਇੱਕ ਅਧਿਕਾਰਤ ਪ੍ਰਮਾਣੀਕਰਤਾ ਵਜੋਂ ਪ੍ਰਵਾਨਿਤ ਹੈ;

***ਬੈਲੂਨ ਸਟਿੱਕ (ਗੁਬਾਰੇ ਦੇ ਨਾਲ ਲੱਗਣ ਵਾਲੀ ਡੰਡੀ)*** ਦਾ ਮਤਲਬ ਹੈ ਇੱਕ ਅਜਿਹੀ ਡੰਡੀ ਹੈ ਜੋ ਫੁੱਲੇ ਹੋਏ ਗੁਬਾਰੇ ਨਾਲ ਜੋੜਨ ਲਈ ਡਿਜ਼ਾਈਨ ਕੀਤੀ ਗਈ ਹੈ ਜਾਂ ਜੋੜਨ ਦਾ ਇਰਾਦਾ ਹੈ ਅਤੇ ਇਸ ਵਿੱਚ ਇੱਕ ਕੱਪ, ਅਧਾਰ ਜਾਂ ਹੋਰ ਅਟੈਚਮੈਂਟ ਡਿਵਾਈਸ ਦੇ ਨਾਲ ਇੱਕ ਡੰਡੀ ਸ਼ਾਮਲ ਹੈ ਜੋ ਉਸ ਡੰਡੀ ਦਾ ਹਿੱਸਾ ਬਣਾਉਂਦੀ ਹੈ;

***ਬੈਲੂਨ ਟਾਈ (ਗੁਬਾਰੇ ਨੂੰ ਬੰਨ੍ਹਣ ਵਾਲੀ ਡੋਰੀ)*** ਦਾ ਮਤਲਬ ਹੈ-

(a) ਇੱਕ ਅਜਿਹਾ ਉਪਕਰਨ ਜੋ ਗੁਬਾਰੇ ਨੂੰ ਸੀਲ ਕਰਨ ਜਾਂ ਕਰਨ ਦੇ ਇਰਾਦੇ ਲਈ ਗੁਬਾਰੇ ਨਾਲ ਜੋੜਨ ਲਈ ਤਿਆਰ ਕੀਤਾ ਗਿਆ ਹੈ; ਜਾਂ

(b) ਇੱਕ ਕੱਪ, ਅਧਾਰ ਜਾਂ ਹੋਰ ਨਾਲ ਲੱਗਣ ਵਾਲਾ ਯੰਤਰ ਜੋ ਇੱਕ ਗੁਬਾਰੇ ਨੂੰ ਬੈਲੂਨ ਸਟਿੱਕ ਜਾਂ ਰਿਬਨ ਨਾਲ ਜੋੜਨ ਜਾਂ ਜੋੜਨ ਦੇ ਇਰਾਦੇ ਲਈ ਤਿਆਰ ਕੀਤਾ ਗਿਆ ਹੈ,

ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹਨ-

(c) ਇੱਕ ਰਿਬਨ; ਜਾਂ

(d) ਮਾਲਾ ਬਣਾਉਣ ਵਾਲੀ ਟੇਪ;

***ਬੇਵਰੇਜ ਪਲੱਗ***ਦਾ ਮਤਲਬ ਹੈ ਇੱਕ ਪਲੱਗ, ਸਟੌਪਰ ਜਾਂ ਅਜਿਹਾ ਕੋਈ ਹੋਰ ਯੰਤਰ ਜਿਸਨੂੰ ਡਿਜ਼ਾਇਨ ਕੀਤਾ ਗਿਆ ਹੈ ਜਾਂ ਖਾਣ-ਪੀਣ ਵਾਲੇ ਪਦਾਰਥ ਦੇ ਕੱਪ ਦੇ ਢੱਕਣ ਵਿੱਚੋਂ ਕੁੱਝ ਛਲਕਣ ਜਾਂ ਲੀਕ ਹੋਣ ਤੋਂ ਰੋਕਣ ਜਾਂ ਰੋਕਣ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ;

***ਬਰੈੱਡ ਬੈਗ ਟੈਗ***ਦਾ ਮਤਲਬ ਹੈ ਇੱਕ ਅਜਿਹਾ ਟੈਗ ਜੋ ਬਰੈੱਡ ਦੇ ਲਿਫ਼ਾਫ਼ੇ ਜਾਂ ਹੋਰ ਭੋਜਨ ਉਤਪਾਦ ਦੇ ਲਿਫ਼ਾਫ਼ੇ ਨੂੰ ਬੰਦ ਰੱਖਣ ਜਾਂ ਬੰਦ ਰੱਖਣ ਦੇ ਇਰਾਦੇ ਲਈ ਤਿਆਰ ਕੀਤਾ ਗਿਆ ਹੈ ਅਤੇ ਇਸ ਵਿੱਚ ਲੇਬਲ ਲੱਗਿਆ ਹੋਇਆ ਟੈਗ ਵੀ ਸ਼ਾਮਲ ਹੈ, ਪਰ ਇਸ ਵਿੱਚ ਟਵਿਸਟ ਟਾਈ ਜਾਂ ਕੇਬਲ ਟਾਈ ਸ਼ਾਮਲ ਨਹੀਂ ਹੈ;

(2) ਨਿਯਮ 3—***ਦੇਖਭਾਲ ਸਹੂਲਤ***ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ***— ਉਪ-ਨਿਯਮ (2) ਦੇਖੋ;

(3) ਨਿਯਮ 3 — ***ਨਿਰਧਾਰਤ ਵਿਅਕਤੀ***ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਫ਼ੈਲਾਏ ਗਏ ਪੋਲੀਸਟਾਈਰੀਨ ਦੇ ਭੋਜਨ ਜਾਂ ਪੀਣ ਵਾਲੇ ਕੰਟੇਨਰ***ਦਾ ਅਰਥ ਇੱਕ ਅਜਿਹਾ ਕੰਟੇਨਰ/ਡੱਬਾ ਹੁੰਦਾ ਹੈ, ਅਤੇ ਇਸ ਵਿੱਚ ਇਸ ਕੰਟੇਨਰ ਦਾ ਕੋਈ ਵੀ ਢੱਕਣ ਵੀ ਸ਼ਾਮਲ ਹੁੰਦਾ ਹੈ, ਜਿਸਦਾ ਪੂਰਾ ਜਾਂ ਕੁੱਝ ਹਿੱਸਾ, ਫ਼ੈਲਾਏ ਗਏ ਪੋਲੀਸਟੀਰੀਨ ਦਾ ਬਣਿਆ ਹੁੰਦਾ ਹੈ ਜੋ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੀ ਪ੍ਰਚੂਨ ਵਿਕਰੀ ਲਈ ਡਿਜ਼ਾਈਨ ਕੀਤਾ ਗਿਆ ਹੈ ਜਾਂ ਵਰਤਿਆ ਜਾਣਾ ਹੈ, ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹੈ -

(a) ਫ਼ੈਲਾਏ ਗਏ ਪੋਲੀਸਟਾਈਰੀਨ ਕੱਪ, ਕਟੋਰੇ, ਪਲੇਟ ਜਾਂ ਕਲੈਮਸ਼ੇਲ ਕੰਟੇਨਰ; ਜਾਂ

**ਨੋਟ-**

ਇਸ ਕਾਨੂੰਨ ਦੀ ਧਾਰਾ 6(1) ਦੇਖੋ।

(b) ਫ਼ੈਲਾਏ ਗਏ ਪੋਲੀਸਟਾਈਰੀਨ ਦੀ ਭੋਜਨ ਰੱਖਣ ਵਾਲੀ ਟਰੇਅ; ਜਾਂ

(c) ਕੂਲਰ ਬਾਕਸ, ਜਾਂ ਕੂਲਰ ਬਾਕਸ ਲਈ ਢੱਕਣ, ਜਿਸਦਾ ਪੂਰਾ ਜਾਂ ਕੁੱਝ ਹਿੱਸਾ, ਫ਼ੈਲਾਏ ਗਏ ਪੋਲੀਸਟਾਈਰੀਨ ਦਾ ਬਣਾਇਆ ਗਿਆ ਹੁੰਦਾ ਹੈ, ਜੋ ਕਿ ਗਾਹਕ ਨੂੰ ਕਿਸੇ ਰਿਟੇਲਰ ਦੁਆਰਾ ਜਾਂ ਰਿਟੇਲਰ ਦੀ ਤਰਫੋਂ ਡਿਲੀਵਰੀ ਦੇ ਉਦੇਸ਼ਾਂ ਲਈ ਨਾਸ਼ਵਾਨ ਭੋਜਨ ਉਤਪਾਦਾਂ ਦੀ ਪੈਕੇਜਿੰਗ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ ਜਾਂ ਵਰਤਿਆ ਜਾਣਾ ਹੈ, ਜਾਂ

(d) ਕੰਟੇਨਰ, ਜਾਂ ਕੰਟੇਨਰ ਲਈ ਢੱਕਣ, ਜਿਸਦਾ ਪੂਰਾ ਜਾਂ ਕੁੱਝ ਹਿੱਸਾ, ਫ਼ੈਲਾਏ ਗਏ ਪੋਲੀਸਟਾਈਰੀਨ ਦਾ ਬਣਾਇਆ ਗਿਆ ਹੁੰਦਾ ਹੈ, ਜੋ ਇੱਕ ਕਾਰੋਬਾਰ (***ਪਹਿਲੇ ਕਾਰੋਬਾਰ***) ਤੋਂ ਦੂਜੇ ਕਾਰੋਬਾਰ (ਜਿੱਥੇ ਉਹ ਕਾਰੋਬਾਰ ਪਹਿਲੇ ਕਾਰੋਬਾਰ ਦਾ ਪ੍ਰਚੂਨ ਗਾਹਕ ਨਹੀਂ ਹੈ) ਤੱਕ ਨਾਸ਼ਵਾਨ ਭੋਜਨ ਉਤਪਾਦਾਂ ਦੀ ਆਵਾਜਾਈ ਲਈ ਡਿਜ਼ਾਇਨ ਕੀਤਾ ਗਿਆ ਹੈ ਜਾਂ ਵਰਤਿਆ ਜਾਣਾ ਹੈ; ਜਾਂ

(e) 1 ਸਤੰਬਰ 2025 ਤੋਂ ਪਹਿਲਾਂ—ਫ਼ੈਲਾਏ ਗਏ ਪੋਲੀਸਟਾਈਰੀਨ ਦਾ ਭੋਜਨ ਜਾਂ ਪੀਣ ਵਾਲਾ ਕੰਟੇਨਰ ਜੋ ਕਿਸੇ ਸੰਬੰਧਿਤ ਭੋਜਨ ਜਾਂ ਪੀਣ ਵਾਲੇ ਪਦਾਰਥ ਦੀ ਪੈਕੇਜਿੰਗ ਦਾ ਹਿੱਸਾ ਬਣਦਾ ਹੈ;

***ਫ਼ੈਲਾਏ ਗਏ ਪੋਲੀਸਟੀਰੀਨ ਦੀ ਭੋਜਨ ਵਾਲੀ ਟਰੇਅ*** ਦਾ ਅਰਥ ਹੈ, ਜਿਸਦਾ ਪੂਰਾ ਜਾਂ ਕੁੱਝ ਹਿੱਸਾ, ਫ਼ੈਲਾਏ ਗਏ ਪੋਲੀਸਟਾਈਰੀਨ ਦਾ ਬਣਾਇਆ ਗਿਆ ਹੁੰਦਾ ਹੈ, ਜੋ ਮੀਟ, ਪੋਲਟਰੀ, ਮੱਛੀ, ਸਬਜ਼ੀਆਂ, ਫਲਾਂ ਜਾਂ ਪ੍ਰਚੂਨ ਵਿਕਰੀ ਲਈ ਹੋਰ ਭੋਜਨ ਉਤਪਾਦਾਂ ਦੀ ਪੈਕਿੰਗ ਕਰਨ ਲਈ ਡਿਜ਼ਾਈਨ ਕੀਤੀ ਗਈ ਹੈ ਜਾਂ ਵਰਤੀ ਜਾਣੀ ਹੈ;

***ਮਾਲਾ ਬਣਾਉਣ ਵਾਲੀ ਟੇਪ*** ਦਾ ਅਰਥ ਹੈ ਇੱਕ ਲਚਕਦਾਰ ਟੇਪ ਜਿਸ ਵਿੱਚ ਛੋਟੇ-ਛੋਟੇ ਛੇਕ ਹੁੰਦੇ ਹਨ ਜੋ ਸਜਾਵਟ ਬਣਾਉਣ ਲਈ ਇੱਕ ਤੋਂ ਵੱਧ ਗੁਬਾਰਿਆਂ ਨੂੰ ਇਕੱਠੇ ਰੱਖਣ ਲਈ ਤਿਆਰ ਕੀਤੀ ਜਾਂਦੀ ਹੈ;

***ਘਰ ਵਿੱਚ ਕੰਪੋਸਟ ਹੋਣ ਯੋਗ***, ਪਲਾਸਟਿਕ ਉਤਪਾਦ ਦੇ ਸੰਬੰਧ ਵਿੱਚ, ਦਾ ਮਤਲਬ ਹੈ ਕਿ ਉਹ ਉਤਪਾਦ AS 5810-2010 ਦੀ ਪਾਲਣਾ ਕਰਦਾ ਹੈ;

***ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ***, ਪਲਾਸਟਿਕ ਉਤਪਾਦ ਦੇ ਸੰਬੰਧ ਵਿੱਚ, ਦਾ ਮਤਲਬ ਹੈ ਕਿ ਉਤਪਾਦ AS 4736-2006 ਦੀ ਪਾਲਣਾ ਕਰਦਾ ਹੈ

(4) ਨਿਯਮ 3—***ਪੀਜ਼ਾ ਸੇਵਰ*** ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਈ ਹੈ:

***ਪਲਾਸਟਿਕ ਬੈਰੀਅਰ ਬੈਗ*** ਦਾ ਅਰਥ ਹੈ ਪਲਾਸਟਿਕ ਦਾ ਬਿਨਾਂ ਹੈਂਡਲ ਵਾਲਾ -

(a) ਜੋ ਪੈਕ ਨਹੀਂ ਕੀਤੇ ਗਏ ਤਾਜ਼ੇ ਫ਼ਲ ਜਾਂ ਸਬਜ਼ੀਆਂ, ਮੇਵਿਆਂ, ਮਿਠਾਈਆਂ, ਡੇਅਰੀ ਉਤਪਾਦਾਂ, ਮੀਟ, ਪੋਲਟਰੀ ਜਾਂ ਮੱਛੀ ਨੂੰ ਰੱਖਣ ਜਾਂ ਸੁਰੱਖਿਅਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਾਂ ਵਰਤਿਆ ਜਾਣਾ ਹੈ; ਜਾਂ

(b) ਜੋ ਪ੍ਰਚੂਨ ਗਾਹਕ ਦੁਆਰਾ ਪਹਿਲਾਂ ਤੋਂ ਪੈਕ ਕੀਤੇ ਮੀਟ, ਪੋਲਟਰੀ, ਮੱਛੀ, ਜੜੀ-ਬੂਟੀਆਂ ਜਾਂ ਫੁੱਲਾਂ ਲਈ ਲੀਕੇਜ ਹੋਣ ਤੋਂ ਵਾਧੂ ਸੁਰੱਖਿਆ ਵਜੋਂ ਵਰਤਿਆ ਜਾਂਦਾ ਹੈ,

ਪਰ ਇਸ ਵਿੱਚ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਪਲਾਸਟਿਕ ਲਿਫ਼ਾਫ਼ਾ ਸ਼ਾਮਲ ਨਹੀਂ ਹੈ ਜੇਕਰ-

(c) ਅਜਿਹੇ ਲਿਫ਼ਾਫ਼ੇ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(d) ਅਜਿਹੇ ਲਿਫ਼ਾਫ਼ੇ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ

ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

***ਪਲਾਸਟਿਕ ਕੰਨਫੇਟੀ*** ਦਾ ਅਰਥ ਹੈ ਪਲਾਸਟਿਕ ਦੇ ਟੁਕੜਿਆਂ ਨਾਲ ਬਣਿਆ ਉਤਪਾਦ ਜੋ ਸਜਾਵਟ, ਤਿਉਹਾਰ ਜਾਂ ਜਸ਼ਨ ਮਨਾਉਣ ਦੇ ਉਦੇਸ਼ਾਂ ਲਈ ਹਵਾ ਵਿੱਚ ਸੁੱਟਣ ਜਾਂ ਝਲਕਾਉਣ ਜਾਂ ਫਿਰ ਖਿੰਡਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ ਜਾਂ ਇਰਾਦੇ ਨਾਲ ਡਿਜ਼ਾਈਨ ਹੋਇਆ ਹੈ ਅਤੇ ਇਸ ਵਿੱਚ ਸ਼ਾਮਲ ਹਨ-

(a) ਅਜਿਹਾ ਉਤਪਾਦ ਜੋ ਗੁਬਾਰੇ ਵਿੱਚ ਬੰਦ ਕੀਤਾ ਗਿਆ ਹੈ (ਭਾਵੇਂ ਸਜਾਵਟ ਲਈ ਹੋਵੇ ਜਾਂ ਗੁਬਾਰੇ ਨੂੰ ਤੋੜ ਕੇ ਛੱਡਣ ਲਈ); ਅਤੇ

(b) ਪਲਾਸਟਿਕ ਸਟ੍ਰੀਮਰ ਜੋ ਹਵਾ ਵਿੱਚ ਸੁੱਟਣ ਜਾਂ ਝਲਕਾਉਣ ਲਈ ਡਿਜ਼ਾਈਨ ਕੀਤੇ ਗਏ ਜਾਂ ਇਰਾਦੇ ਲਈ ਬਣਾਏ ਗਏ ਹਨ,

ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹੈ-

(c) ਸਿਤਾਰੇ, ਸਿੱਪੀਆਂ, ਮਣਕੇ ਜਾਂ ਚਮਕਾਰੇ; ਜਾਂ

(d) ਅਜਿਹਾ ਉਤਪਾਦ ਜੋ ਸ਼ਿਲਪਕਾਰੀ ਉਤਪਾਦ ਵਜੋਂ ਵਰਤੇ ਜਾਣ ਲਈ ਡਿਜ਼ਾਇਨ ਕੀਤਾ ਗਿਆ ਹੈ ਜਾਂ ਵਜੋਂ ਵਰਤਿਆ ਜਾਣਾ ਹੈ; ਜਾਂ

(e) ਕੰਨਫੇਟੀ ਜੋ ਸਜਾਵਟੀ ਉਦੇਸ਼ਾਂ ਲਈ ਕਿਸੇ ਹੋਰ ਉਤਪਾਦ (ਇੱਕ-ਵਾਰ-ਵਰਤੋਂ ਵਾਲੇ ਉਤਪਾਦ ਤੋਂ ਇਲਾਵਾ) ਦੇ ਅੰਦਰ ਸਥਾਈ ਤੌਰ 'ਤੇ ਸ਼ਾਮਲ ਕਰਨ ਲਈ ਡਿਜ਼ਾਈਨ ਕੀਤੀ ਗਈ ਹੈ ਜਾਂ ਇਸਦਾ ਸਥਾਈ ਹਿੱਸਾ ਹੈ;

***ਪਲਾਸਟਿਕ ਸ਼ਾਪਿੰਗ ਬੈਗ*** ਦਾ ਅਰਥ ਹੈ ਪਲਾਸਟਿਕ ਡਾ ਲਿਫ਼ਾਫ਼ਾ ਜਿਸਨੂੰ-

(a) ਹੈਂਡਲ ਲੱਗੇ ਹੋਏ ਹਨ; ਅਤੇ

(b) ਪ੍ਰਚੂਨ ਵਿਕਰੇਤਾ ਤੋਂ ਖ਼ਰੀਦੇ ਗਏ ਸਮਾਨ ਨੂੰ ਲਿਜਾਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ,

ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹੈ-

(c) ਪਲਾਸਟਿਕ ਦਾ ਉਹ ਲਿਫ਼ਾਫ਼ਾ ਜੋ ਉਸ ਪੈਕੇਜਿੰਗ ਦਾ ਹਿੱਸਾ ਬਣਦਾ ਹੈ, ਜਾਂ ਉਸਦਾ ਇੱਕ ਅਨਿੱਖੜਵਾਂ ਅੰਗ ਬਣਦਾ ਹੈ, ਜਿਸ ਵਿੱਚ ਵਸਤੂਆਂ ਨੂੰ ਵਿਕਰੀ ਤੋਂ ਪਹਿਲਾਂ ਸੀਲ ਕੀਤਾ ਜਾਂਦਾ ਹੈ; ਜਾਂ

(d) ਅਜਿਹਾ ਬਿਨਾਂ ਸੀਲ ਕੀਤਾ ਪਲਾਸਟਿਕ ਦਾ ਲਿਫ਼ਾਫ਼ਾ ਜੋ ਕਿ ਉਹ ਪੈਕਿੰਗ ਹੈ ਜਿਸ ਵਿੱਚ ਨਾਸ਼ਵਾਨ ਭੋਜਨ ਵਿਕਰੀ ਲਈ ਪੇਸ਼ ਕੀਤਾ ਜਾਂਦਾ ਹੈ; ਜਾਂ

(e) ਅਜਿਹਾ ਸ਼ਾਪਿੰਗ ਬੈਗ ਜਿਸਦਾ ਪੂਰਾ ਜਾਂ ਕੁੱਝ ਹਿੱਸਾ ਹੇਠਾਂ ਦਿੱਤੇ ਫੈਬਰਿਕਾਂ ਵਿੱਚੋਂ 1 ਜਾਂ ਵੱਧ ਤੋਂ ਬਣਾਇਆ ਗਿਆ ਹੋਵੇ:

(i) ਨਾਈਲੋਨ;

(ii) ਪੋਲੀਸਟਰ;

(iii) ਬੁਣਿਆ ਹੋਇਆ ਪੌਲੀਪ੍ਰੋਪਾਈਲੀਨ;

(iv) ਬਗ਼ੈਰ-ਬੁਣਤੀ ਵਾਲਾ ਪੌਲੀਪ੍ਰੋਪਾਈਲੀਨ ਜੇ-

(A) ਥੈਲੇ ਵਿੱਚ ਤਾਪ-ਨਾਲ-ਵੇਲਡ ਕੀਤੇ ਕਿਨਾਰਿਆਂ ਦੀ ਬਜਾਏ, ਸਿਲਾਈ ਕੀਤੀ ਹੈ; ਅਤੇ

(B) ਫੈਬਰਿਕ ਦਾ ਘੱਟੋ-ਘੱਟ ਭਾਰ 90 $g/m^2$ ਹੈ ਜੋ ਫੈਬਰਿਕ ਦੀ ਇੱਕ ਪਰਤ ਵਜੋਂ ਮਾਪਿਆ ਜਾਂਦਾ ਹੈ; ਜਾਂ

(f) ਅਜਿਹਾ ਪਲਾਸਟਿਕ ਬੈਗ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਹੈ ਜੇਕਰ-

(i) ਅਜਿਹੇ ਲਿਫ਼ਾਫ਼ੇ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(ii) ਅਜਿਹੇ ਲਿਫ਼ਾਫ਼ੇ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ

ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

(5) ਨਿਯਮ 3—***ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫ਼ੰਬੇ*** ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਹੈ:

***ਅਹਾਤੇ*** ਦਾ ਅਰਥ ਕੋਈ ਵੀ ਅਜਿਹੀ ਜ਼ਮੀਨ, ਇਮਾਰਤ ਜਾਂ ਢਾਂਚਾ ਹੈ ਜਿਸ ਵਿੱਚ ਚੱਲਣਸ਼ੀਲ ਇਮਾਰਤ ਜਾਂ ਢਾਂਚਾ ਜਾਂ ਕੋਈ ਵਾਹਨ (*ਸੜਕ ਆਵਾਜਾਈ ਐਕਟ 1961* ਦੇ ਅਰਥਾਂ ਅਨੁਸਾਰ) ਹੈ;

(6) ਨਿਯਮ 3— ***ਤਜਵੀਜ਼ਸ਼ੁਦਾ ਕਾਰੋਬਾਰ*** ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਤਜਵੀਜ਼ਸ਼ੁਦਾ ਭੋਜਨ ਕੰਟੇਨਰ*** ਦਾ ਅਰਥ ਹੈ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਭੋਜਨ ਕੰਟੇਨਰ, ਜਿਸ ਵਿੱਚ ਇੱਕ ਕੱਪ (ਇੱਕ ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਪੀਣ ਵਾਲੇ ਪਦਾਰਥਾਂ ਲੀ ਵਰਤੇ ਜਾਣ ਵਾਲੇ ਕੱਪ ਤੋਂ ਇਲਾਵਾ), ਕਟੋਰਾ, ਟਰੇਅ ਜਾਂ ਕੋਈ ਹੋਰ ਭੋਜਨ ਕੰਟੇਨਰ, ਭਾਵੇਂ ਇਸ ਵਿੱਚ ਢੱਕਣ (ਭਾਵੇਂ ਵੱਖਰਾ ਹੋਵੇ ਜਾਂ ਜੁੜਿਆ ਹੋਵੇ) ਹੈ ਜਾਂ ਨਹੀਂ, ਜਾਂ ਡਿਜ਼ਾਇਨ ਕੀਤਾ ਗਿਆ ਹੈ ਜਾਂ ਰੱਖਣ ਦਾ ਇਰਾਦਾ ਹੈ, ਜੋ ਇਹਨਾਂ ਲਈ ਵਰਤਿਆ ਜਾਂਦਾ ਹੈ-

(a) ਖਾਣ ਲਈ ਤਿਆਰ ਭੋਜਨ ਦੀ ਪ੍ਰਚੂਨ ਵਿਕਰੀ ਲਈ; ਜਾਂ

(b) ਚਟਨੀ/ਅਚਾਰ ਆਦਿ ਰੱਖਣ ਲਈ ਜੋ ਕਿ-

(i) ਖਾਣ ਲਈ ਤਿਆਰ ਭੋਜਨ ਦੇ ਨਾਲ ਵਰਤਣ ਲਈ ਦਿੱਤਾ ਗਿਆ ਹੈ; ਅਤੇ

(ii) ਉਸ ਪ੍ਰਚੂਨ ਸਥਾਨ 'ਤੇ ਡੱਬੇ ਵਿਚ ਪੈਕ ਕੀਤਾ ਗਿਆ ਜਿੱਥੇ ਖਾਣ ਲਈ ਤਿਆਰ ਭੋਜਨ ਵੇਚਿਆ ਜਾਂਦਾ ਹੈ,

ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹੈ-

(c) ਫ਼ੈਲਾਏ ਗਏ ਪੋਲੀਸਟਾਈਰੀਨ ਦਾ ਕੱਪ, ਕਟੋਰਾ, ਪਲੇਟ ਜਾਂ ਕਲੈਮਸ਼ੇਲ; ਜਾਂ

**ਨੋਟ-**

ਇਸ ਕਾਨੂੰਨ ਦੀ ਧਾਰਾ 6(1) ਦੇਖੋ।

(d) ਫ਼ੈਲਾਏ ਗਏ ਪੋਲੀਸਟਾਈਰੀਨ ਦੇ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਲਈ ਬਣਾਏ ਕੰਟੇਨਰ ਜਾਂ ਫ਼ੈਲਾਏ ਗਏ ਪੋਲੀਸਟੀਰੀਨ ਦੀ ਭੋਜਨ ਟਰੇਅ; ਜਾਂ

(e) ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਭੋਜਨ ਵਾਲਾ ਕੰਟੇਨਰ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਹੈ ਜੇਕਰ-

(i) ਅਜਿਹੇ ਕੰਟੇਨਰ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(ii) ਅਜਿਹੇ ਕੰਟੇਨਰ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

***ਤਜਵੀਜ਼ਸ਼ੁਦਾ ਭੋਜਨ ਕੰਟੇਨਰ ਦੇ ਢੱਕਣ*** ਦਾ ਮਤਲਬ ਹੈ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਢੱਕਣ ਜਾਂ ਲਿੱਡ, ਜਿਸਨੂੰ ਤਜਵੀਜ਼ਸ਼ੁਦਾ ਭੋਜਨ ਕੰਟੇਨਰ (ਭਾਵੇਂ ਕੰਟੇਨਰ ਤੋਂ ਵੱਖਰਾ ਹੋਵੇ ਜਾਂ ਨਾਲ ਜੋੜਿਆ ਗਿਆ ਹੋਵੇ) ਉੱਤੇ ਫਿੱਟ ਕਰਨ ਲਈ ਡਿਜ਼ਾਇਨ ਕੀਤਾ ਜਾਂ ਤਿਆਰ ਕੀਤਾ ਗਿਆ ਹੋਵੇ ਅਤੇ ਇਸ ਵਿੱਚ ਪਲਾਸਟਿਕ ਦੀ ਲੱਗੀ ਹੋਈ ਪਰਤ ਸ਼ਾਮਲ ਹੁੰਦੀ ਹੈ ਜੋ ਤਜਵੀਜ਼ਸ਼ੁਦਾ ਭੋਜਨ ਕੰਟੇਨਰ ਦੇ ਸਿਖਰ ਨੂੰ ਸੀਲ ਕਰਨ ਲਈ ਤਿਆਰ ਕੀਤੀ ਜਾਂਦੀ ਹੈ, ਪਰ ਇਸ ਵਿੱਚ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦੇ ਢੱਕਣ ਨੂੰ ਸ਼ਾਮਲ ਨਹੀਂ ਹੈ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ ਜੇਕਰ-

(a) ਅਜਿਹੇ ਢੱਕਣ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(b) ਅਜਿਹੇ ਢੱਕਣ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

***ਖਾਣ ਲਈ ਤਿਆਰ ਭੋਜਨ*** ਦਾ ਅਰਥ ਹੈ ਉਹ ਭੋਜਨ ਜੋ-

(a) ਗਾਹਕ ਦੀ ਬੇਨਤੀ ਜਾਂ ਆਦੇਸ਼ 'ਤੇ ਪ੍ਰਚੂਨ ਸਥਾਨਾਂ 'ਤੇ ਤਿਆਰ ਜਾਂ ਪੈਕ ਕੀਤਾ ਗਿਆ; ਜਾਂ

(b) ਉਸ ਦਿਨ, ਜਾਂ ਉਸ ਦਿਨ ਤੋਂ ਥੋੜ੍ਹੀ ਦੇਰ ਪਹਿਲਾਂ ਤਾਜ਼ਾ ਤਿਆਰ ਅਤੇ ਪਹਿਲਾਂ ਤੋਂ ਪੈਕ ਕੀਤਾ ਗਿਆ, ਜਿਸ ਦਿਨ ਇਸਨੂੰ ਪ੍ਰਚੂਨ ਵਿਕਰੀ ਲਈ ਪੇਸ਼ ਕਰਨ ਦਾ ਇਰਾਦਾ ਹੈ,

ਅਤੇ ਹੋਰ ਪਕਾਉਣ, ਗਰਮ ਕਰਨ, ਡੀਫ੍ਰੌਸਟ ਕਰਨ, ਧੋਣ ਜਾਂ ਹੋਰ ਤਿਆਰੀ ਕੀਤੇ ਬਿਨਾਂ ਖਾਣ ਲਈ ਤਿਆਰ ਹੈ ਅਤੇ ਆਮ ਤੌਰ 'ਤੇ ਵਿਕਰੀ ਵਾਲੀ ਥਾਂ 'ਤੇ ਜਾਂ ਥੋੜ੍ਹੀ ਦੇਰ ਬਾਅਦ ਕਿਸੇ ਹੋਰ ਜਗ੍ਹਾ 'ਤੇ ਖਾਧੇ ਜਾਣ ਦੇ ਇਰਾਦੇ ਵਾਲਾ ਹੈ;

(7) ਨਿਯਮ 3, ***ਸੰਬੰਧਿਤ ਭੋਜਨ ਜਾਂ ਪੀਣ ਵਾਲੇ ਉਤਪਾਦ***— "ਸਿੰਗਲ-ਸਰਵ" ਤੋਂ ਬਾਅਦ ਦੀ ਪਰਿਭਾਸ਼ਾ ਵਿੱਚ ਸ਼ਾਮਿਲ ਕੀਤਾ ਗਿਆ ਹੈ:

ਪ੍ਰਚੂਨ ਵਿਕਰੀ ਜਾਂ ਸਪਲਾਈ ਲਈ ਕਿਸੇ ਪ੍ਰਚੂਨ ਵਿਕਰੇਤਾ ਨੂੰ ਇਸਦੀ ਵਿਕਰੀ, ਸਪਲਾਈ ਜਾਂ ਵੰਡ ਤੋਂ ਪਹਿਲਾਂ

(8) ਨਿਯਮ 3— ***ਸੰਬੰਧਿਤ ਭੋਜਨ ਜਾਂ ਪੀਣ ਵਾਲੇ ਪਦਾਰਥਾਂ*** ਦੀ ਪਰਿਭਾਸ਼ਾ ਦੇ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਬੇਵਰੇਜ ਕੱਪ*** ਦਾ ਮਤਲਬ ਅਜਿਹਾ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਬੇਵਰੇਜ ਕੱਪ ਹੈ ਜੋ ਕਿਸੇ ਪੀਣ ਵਾਲੇ ਪਦਾਰਥ ਜਾਂ ਸੂਪ ਨੂੰ ਰੱਖਣ ਲਈ ਡਿਜ਼ਾਈਨ ਕੀਤਾ ਗਿਆ ਹੈ ਜਾਂ ਰੱਖਣ ਦੇ ਇਰਾਦੇ ਵਜੋਂ ਡਿਜ਼ਾਈਨ ਕੀਤਾ ਗਿਆ ਹੈ, ਪਰ ਇਸ ਵਿੱਚ ਇਹ ਸ਼ਾਮਲ ਨਹੀਂ ਹਨ-

(a) ਫ਼ੈਲਾਏ ਗਏ ਪੋਲੀਸਟਾਈਰੀਨ ਦਾ ਕੱਪ; ਜਾਂ

**ਨੋਟ-**

ਇਸ ਕਾਨੂੰਨ ਦੀ ਧਾਰਾ 6(1)(d) ਦੇਖੋ।

(b) ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਬੇਵਰੇਜ ਕੱਪ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ ਜੇਕਰ-

(i) ਅਜਿਹੇ ਪੀਣ ਵਾਲੇ ਪਦਾਰਥਾਂ ਦੇ ਕੱਪ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ- ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(ii) ਅਜਿਹੇ ਪੀਣ ਵਾਲੇ ਪਦਾਰਥਾਂ ਦੇ ਕੱਪ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

***ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਬੇਵਰੇਜ ਕੱਪ ਦੇ ਢੱਕਣ*** ਦਾ ਮਤਲਬ ਹੈ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਢੱਕਣ, ਜਿਸਨੂੰ ਬੇਵਰੇਜ ਕੱਪ ਉੱਤੇ ਫਿੱਟ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ ਜਾਂ ਦੇ ਇਰਾਦੇ ਨਾਲ ਡਿਜ਼ਾਇਨ ਕੀਤਾ ਗਿਆ ਹੈ ਅਤੇ ਇਸ ਵਿੱਚ ਪਲਾਸਟਿਕ ਦੀ ਲੱਗੀ ਹੋਈ ਪਰਤ ਵੀ ਸ਼ਾਮਲ ਹੈ ਜੋ ਬੇਵਰੇਜ ਕੱਪ ਦੇ ਸਿਖਰ ਨੂੰ ਸੀਲ ਕਰਨ ਲਈ ਬਣਾਈ ਗਈ ਹੈ, ਪਰ ਇਸ ਵਿੱਚ ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਢੱਕਣ ਸ਼ਾਮਲ ਨਹੀਂ ਹੈ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ ਜੇਕਰ-

(a) ਅਜਿਹੇ ਪੀਣ ਵਾਲੇ ਪਦਾਰਥਾਂ ਦੇ ਕੱਪ ਦੇ ਢੱਕਣ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(b) ਅਜਿਹੇ ਪੀਣ ਵਾਲੇ ਪਦਾਰਥਾਂ ਦੇ ਕੱਪ ਦੇ ਢੱਕਣ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

(9) ਨਿਯਮ 3, ***ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਕਟੋਰੇ*** ਦੀ ਪਰਿਭਾਸ਼ਾ—ਪੈਰਾ (b) ਦੇ ਬਾਅਦ ਸ਼ਾਮਿਲ ਕੀਤਾ *ਗਿਆ ਹੈ:*

(ba) ਇੱਕ ਤਜਵੀਜ਼ਸ਼ੁਦਾ ਭੋਜਨ ਕੰਟੇਨਰ ਜੋ ਕਿ ਇੱਕ ਕਟੋਰਾ ਹੈ; ਜਾਂ

(10) ਨਿਯਮ 3, ***ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਕਟੋਰੇ*** ਦੀ ਪਰਿਭਾਸ਼ਾ, (d)-"ਪਲਾਸਟਿਕ" ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਨਹੀਂ ਹੈ

(11) ਨਿਯਮ 3, ***ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਕਟੋਰੇ*** ਦੀ ਪਰਿਭਾਸ਼ਾ—ਪੈਰਾ (d) ਦੇ ਬਾਅਦ ਸ਼ਾਮਿਲ ਕੀਤਾ ਗਿਆ ਹੈ:

ਜਾਂ

(e) ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਕਟੋਰਾ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਕੀਤਾ ਗਿਆ ਹੈ ਜੇਕਰ-

(i) ਅਜਿਹੇ ਕਟੋਰੇ ਦੇ ਮਾਮਲੇ ਵਿੱਚ ਜੋ ਘਰ ਵਿੱਚ ਕੰਪੋਸਟ ਹੋਣ ਯੋਗ ਹੈ-ਇਹ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਘਰ ਵਿੱਚ ਕੰਪੋਸਟ ਹੋਣ ਯੋਗ ਹੈ, ਜਾਂ ਇਹ ਦੋਵੇਂ ਘਰ ਅਤੇ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ; ਜਾਂ

(ii) ਅਜਿਹੇ ਕਟੋਰੇ ਦੇ ਮਾਮਲੇ ਵਿੱਚ ਜੋ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ, ਪਰ ਘਰ ਵਿੱਚ ਕੰਪੋਸਟ ਹੋਣ ਯੋਗ ਨਹੀਂ ਹੈ - ਇਸਨੂੰ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੈ, ਜਾਂ ਇਸ ਤਰੀਕੇ ਨਾਲ ਚਿੰਨ੍ਹਿਤ ਕੀਤਾ ਗਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਉਦਯੋਗਿਕ ਤੌਰ 'ਤੇ ਕੰਪੋਸਟ ਹੋਣ ਯੋਗ ਹੈ;

(12) ਨਿਯਮ 3—ਇਸ ਨਿਯਮ ਦੁਆਰਾ ਸੋਧ ਕੀਤੀ ਗਈ ਇਸਦੀ ਮੌਜੂਦਾ ਸਮੱਗਰੀ ਤੋਂ ਬਾਅਦ (ਹੁਣ ਉਪ-ਨਿਯਮ (1) ਵਜੋਂ ਨਿਰਧਾਰਤ ਕੀਤਾ ਜਾਵੇਗਾ) ਸ਼ਾਮਿਲ ਕੀਤਾ ਜਾਵੇਗਾ:

(2) ਇਹਨਾਂ ਨਿਯਮਾਂ ਦੇ ਉਦੇਸ਼ਾਂ ਲਈ, ਇੱਕ ਪਲਾਸਟਿਕ ਉਤਪਾਦ ਨੂੰ ***ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਕੀਤਾ ਜਾਂਦਾ ਹੈ*** ਜੇਕਰ-

(a) ਉਸ ਪਲਾਸਟਿਕ ਉਤਪਾਦ ਦਾ ਮੁਲਾਂਕਣ ਅਤੇ ਜਾਂਚ ਇੱਕ ਅਧਿਕਾਰਤ ਪ੍ਰਮਾਣੀਕਰਤਾ ਦੁਆਰਾ ਕੀਤੀ ਗਈ ਹੈ ਅਤੇ ਅਧਿਕਾਰਤ ਪ੍ਰਮਾਣੀਕਰਤਾ ਨੇ ਇੱਕ ਪ੍ਰਮਾਣ ਪੱਤਰ ਜਾਰੀ ਕੀਤਾ ਹੈ ਜੋ ਪੁਸ਼ਟੀ ਕਰਦਾ ਹੈ ਕਿ ਉਤਪਾਦ AS 4736-2006 ਜਾਂ AS 5810-2010 ਦੀ ਪਾਲਣਾ ਕਰਦਾ ਹੈ; ਅਤੇ

(b) ਸਰਟੀਫ਼ਿਕੇਟ ਦੀ ਵੈਧਤਾ ਦੀ ਮਿਆਦ ਖਤਮ ਨਹੀਂ ਹੋਈ ਹੈ।

(3) ***ਅਧਿਕਾਰਤ ਪ੍ਰਮਾਣੀਕਰਤਾ*** ਦੀ ਪਰਿਭਾਸ਼ਾ ਦੇ ਉਦੇਸ਼ਾਂ ਲਈ, ਮੰਤਰੀ, ਗਜ਼ਟ ਵਿੱਚ ਨੋਟਿਸ ਦੇਣ ਦੁਆਰਾ

(a) ਇਹਨਾਂ ਨਿਯਮਾਂ ਦੇ ਉਦੇਸ਼ਾਂ ਲਈ ਕਿਸੇ ਵਿਅਕਤੀ ਨੂੰ ਅਧਿਕਾਰਤ ਪ੍ਰਮਾਣੀਕਰਤਾ ਵਜੋਂ ਮਨਜ਼ੂਰੀ ਦੇ ਸਕਦਾ ਹੈ; ਜਾਂ

(b) ਪੈਰਾਗ੍ਰਾਫ (a) ਦੇ ਅਧੀਨ ਕਿਸੇ ਦਿੱਤੀ ਮਨਜ਼ੂਰੀ ਨੂੰ ਰੱਦ ਕਰ ਸਕਦਾ ਹੈ।

## 4—ਨਿਯਮ 3A —ਮਨ੍ਹਾਹੀਸੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਕਾਨੂੰਨ ਦੀ ਧਾਰਾ 6(1)(h)) ਦੀ ਸੋਧ—ਸ਼ਾਮਿਲ ਕੀਤੀਆਂ ਗੱਲਾਂ

ਨਿਯਮ 3A—ਪੈਰਾ (d) ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

(e) ਪਲਾਸਟਿਕ ਸ਼ਾਪਿੰਗ ਬੈਗ;

(f) ਪਲਾਸਟਿਕ ਬੈਰੀਅਰ ਬੈਗ;

(g) ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਬੇਵਰੇਜ ਕੱਪ;

(h) ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਬੇਵਰੇਜ ਕੱਪ ਦਾ ਢੱਕਣ;

(i) ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਦੇ ਬੇਵਰੇਜ ਪਲੱਗ;

(j) ਫ਼ੈਲਾਏ ਗਏ ਪੋਲੀਸਟਾਈਰੀਨ ਦੀ ਭੋਜਨ ਟਰੇਅ;

(k) ਫ਼ੈਲਾਏ ਗਏ ਪੋਲੀਸਟਾਈਰੀਨ ਭੋਜਨ ਜਾਂ ਬੇਵਰੇਜ ਕੰਟੇਨਰ;

(l) ਤਜ਼ਵੀਜ਼ਸ਼ੁਦਾ ਭੋਜਨ ਕੰਟੇਨਰ;

(m) ਤਜ਼ਵੀਜ਼ਸ਼ੁਦਾ ਭੋਜਨ ਕੰਟੇਨਰ ਦਾ ਢੱਕਣ;

(n) ਪਲਾਸਟਿਕ ਕੰਨਫੇਟੀ;

(o) ਪਲਾਸਟਿਕ ਬੈਲੂਨ ਸਟਿੱਕ;

(p) ਪਲਾਸਟਿਕ ਬੈਲੂਨ ਟਾਈ;

(q) ਇੱਕ-ਵਾਰ-ਵਰਤੋਂ ਵਾਲਾ ਪਲਾਸਟਿਕ ਦਾ ਬਰੈਂਡ ਬੈਗ ਟੈਗ।

# ਭਾਗ 3—*ਇੱਕ-ਵਾਰ-ਵਰਤੋਂ ਵਾਲੇ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ-ਕਰਕਟ ਕਰਨ ਤੋਂ ਪਰਹੇਜ਼) ਕਾਨੂੰਨ 2021* ਦੀ 1 ਸਤੰਬਰ 2025 ਤੋਂ ਸ਼ੁਰੂ ਹੋ ਰਹੀ ਸੋਧ

## 5—ਨਿਯਮ ਦੀ ਸੋਧ 3 - ਵਿਆਖਿਆ

(1) ਨਿਯਮ 3(1)—***ਪਲਾਸਟਿਕ ਕੰਨਫੇਟੀ*** ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਪਲਾਸਟਿਕ ਉਤਪਾਦ ਸਟਿੱਕਰ*** ਦਾ ਮਤਲਬ ਪਲਾਸਟਿਕ ਦਾ ਅਜਿਹਾ ਸਟਿੱਕਰ ਹੈ ਜੋ ਫਲਾਂ ਜਾਂ ਸਬਜ਼ੀਆਂ ਦੀ ਸਤਹ 'ਤੇ ਸਿੱਧੇ ਤੌਰ 'ਤੇ ਲਗਾਇਆ ਜਾਂਦਾ ਜਾਂ ਲਗਾਉਣ ਦੇ ਇਰਾਦਾ ਵਜੋਂ ਬਣਾਇਆ ਗਿਆ ਹੈ, ਪਰ ਇਸ ਵਿੱਚ ਅਜਿਹਾ ਸਟਿੱਕਰ ਸ਼ਾਮਲ ਨਹੀਂ ਹੈ ਜੋ ਕੰਪੋਸਟ ਹੋਣ ਯੋਗ ਵਜੋਂ ਪ੍ਰਮਾਣਿਤ ਹੈ ਜਾਂ ਅਜਿਹਾ ਸਟਿੱਕਰ ਜੋ ਕਿਸੇ ਅਜਿਹੇ ਫ਼ਲ ਜਾਂ ਸਬਜ਼ੀ 'ਤੇ ਲਗਾਇਆ ਜਾਂਦਾ ਹੈ ਜਿਸਨੂੰ ਇਸ ਰਾਜ ਤੋਂ ਬਾਹਰ ਕਿਸੇ ਵਿਅਕਤੀ ਨੂੰ ਵੇਚਿਆ, ਸਪਲਾਈ ਕੀਤਾ ਜਾਂ ਵੰਡਿਆ ਜਾਣਾ ਹੈ;

(2) ਨਿਯਮ 3(1)—***ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ*** ਦੀ ਪਰਿਭਾਸ਼ਾ ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

***ਪਹਿਲਾਂ ਤੋਂ ਭਰੇ ਹੋਏ ਸੋਇਆ ਸਾਸ ਕੰਟੇਨਰ*** ਦਾ ਅਰਥ ਅਜਿਹਾ ਸੋਇਆ ਸਾਸ ਦਾ ਕੰਟੇਨਰ ਹੈ ਜੋ-

(a) 30 ਮਿਲੀਲੀਟਰ ਜਾਂ ਘੱਟ ਦੀ ਸਮਰੱਥਾ ਵਾਲਾ; ਅਤੇ

(b) ਜਿਸਦਾ ਢੱਕਣ, ਲਿੱਡ ਜਾਂ ਸਟੌਪਰ ਹੈ; ਅਤੇ

(c) ਪ੍ਰਚੂਨ ਵਿਕਰੀ ਜਾਂ ਸਪਲਾਈ ਲਈ ਪ੍ਰਚੂਨ ਵਿਕਰੇਤਾ ਨੂੰ ਇਸਦੀ ਵਿਕਰੀ, ਸਪਲਾਈ ਜਾਂ ਵੰਡ ਤੋਂ ਪਹਿਲਾਂ ਭਰਿਆ ਜਾਂਦਾ ਹੈ;

**ਉਦਾਹਰਨ-**

ਮੱਛੀ ਦੇ ਆਕਾਰ ਵਾਲੇ ਪਲਾਸਟਿਕ ਦੇ ਸੋਇਆ ਸਾਸ ਕੰਟੇਨਰ।

## 6—ਨਿਯਮ 3A —ਮਨ੍ਹਾਹੀਸੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਕਾਨੂੰਨ ਦੀ ਧਾਰਾ 6(1)(h)) ਦੀ ਸੋਧ—ਸ਼ਾਮਿਲ ਕੀਤੀਆਂ ਗੱਲਾਂ

ਨਿਯਮ 3A —ਨਿਯਮ 3A—ਪੈਰਾ (q) ਤੋਂ ਬਾਅਦ ਸ਼ਾਮਿਲ ਕੀਤਾ ਗਿਆ ਹੈ:

(r) ਪਲਾਸਟਿਕ ਦਾ ਫ਼ਲ-ਸਬਜ਼ੀਆਂ 'ਤੇ ਲੱਗਣ ਵਾਲਾ ਸਟਿੱਕਰ;

(s) ਪਹਿਲਾਂ ਤੋਂ ਭਰਿਆ ਹੋਇਆ ਸੋਇਆ ਸਾਸ ਦਾ ਡੱਬਾ।

## 7—ਨਿਯਮ 4 ਨੂੰ ਰੱਦ ਕਰਨਾ

ਨਿਯਮ 4—ਇਸ ਨਿਯਮ ਨੂੰ ਮਿਟਾਓ

**ਸੰਪਾਦਕੀ ਨੋਟ-**

*ਲੈਜਿਸਲੇਟਿਵ ਇੰਸਟਰੂਮੈਂਟਸ ਐਕਟ 1978* ਦੀ ਧਾਰਾ 10AA(2) ਦੀ ਸ਼ਰਤ ਅਨੁਸਾਰ, ਸੰਬੰਧਿਤ ਮੰਤਰੀ ਨੇ ਪ੍ਰਮਾਣਿਤ ਕੀਤਾ ਹੈ ਕਿ, ਮੰਤਰੀ ਦੀ ਰਾਏ ਵਿੱਚ, ਇਹ ਜ਼ਰੂਰੀ ਜਾਂ ਉਚਿਤ ਹੈ ਕਿ ਇਹ ਨਿਯਮ ਇਹਨਾਂ ਨਿਯਮਾਂ ਵਿੱਚ ਦੱਸੇ ਅਨੁਸਾਰ ਕੰਮ ਵਿੱਚ ਆਉਣ।

## ਰਾਜਪਾਲ ਦੁਆਰਾ ਬਣਾਇਆ ਗਿਆ

ਕਾਰਜਕਾਰੀ ਕੌਂਸਲ ਦੀ ਸਲਾਹ ਅਤੇ ਸਹਿਮਤੀ ਨਾਲ

ਨੂੰ

2023 ਦਾ ਨੰਬਰ